# ਗੁਰਮਤਿ ਕਾਵਿ ਧਾਰਾ

ਗੁਰਮਤਿ ਕਾਵਿ ਧਾਰਾ ਮੱਧਕਾਲੀ ਸਾਹਿਤ ਦੀ ਪ੍ਰਮੁੱਖ ਕਾਵਿ ਧਾਰਾ ਹੈ, ਜਿਸਦਾ ਸਿਰਜਣ ਬਾਹਰ੍ਹਵੀਂ ਸਦੀ ਤੋਂ ਲੈਕੇ ਅਠਾਰ੍ਹਵੀਂ ਸਦੀ ਦੇ ਆਰੰਭ ਤੱਕ ਫੈਲਿਆ ਹੋਇਆ ਹੈ। ਭਾਵੇਂ ਇਸ ਕਾਵਿ ਧਾਰਾ ਦਾ ਮੋਢੀ ਗੁਰੂ ਨਾਨਕ ਦੇਵ ਜੀ ਨੂੰ ਮੰਨਿਆ ਜਾਂਦਾ ਹੈ। ਜਿਨ੍ਹਾਂ ਨੇ ਆਪਣੀ ਬਾਣੀ ਰਾਹੀਂ ਸਾਹਿਤ ਸਿਰਜਨ ਦੇ ਨਵੇਂ ਪ੍ਰਤੀਮਾਨ ਸਥਾਪਿਤ ਕੀਤੇ ਅਤੇ ਬਾਅਦ ਦੇ ਗੁਰੂਆਂ ਨੇ ਵੀ ਨਾਨਕ ਬਾਣੀ ਦਾ ਵਿਸਥਾਰ ਕੀਤਾ। ਪਰ ਬਾਹਰਵੀਂ ਸਦੀ ਦੇ ਸੰਤ ਜੈਦੇਵ ਅਤੇ ਸੂਫ਼ੀ ਕਵੀ ਸ਼ੇਖ ਫ਼ਰੀਦ ਦੀ ਰਚਨਾ ਵੀ ਆਦਿ ਗ੍ਰੰਥ ਸਾਹਿਬ ਵਿੱਚ ਸ਼ਾਮਿਲ ਹੈ- ਜਿਸ ਨੂੰ ਅਸੀਂ ਗੁਰਮਤਿ ਕਾਵਿਧਾਰਾ ਦਾ ਪ੍ਰਮੁੱਖ ਅਤੇ ਪ੍ਰਮਾਣਿਕ ਗ੍ਰੰਥ ਸਵੀਕਾਰ ਕਰਦੇ ਹਾਂ- ਇਸ ਕਰਕੇ ਇਸ ਕਾਵਿ ਧਾਰਾ ਦਾ ਪਸਾਰ ਬਾਹਰਵੀਂ ਸਦੀਂ ਤੱਕ ਚਲਾ ਜਾਂਦਾ ਹੈ। ਅਸਲ ਵਿੱਚ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀ ਦਾ ਚਰਿੱਤਰ ਬਹੁ-ਭਾਸ਼ਾਈ ਅਤੇ ਬਹੁ ਪਸਾਰੀ ਹੈ। ਇਸ ਕਰਕੇ ਇਸ ਨੂੰ ਸਰਵ ਭਾਰਤੀ ਵਿਰਸੇ ਦੀ ਸਾਂਝੀ ਵਿਰਾਸਤ ਪ੍ਰਵਾਨ ਕੀਤਾ ਜਾ ਸਕਦਾ ਹੈ। ਗੁਰੂ ਕਵੀਆਂ ਤੋਂ ਇਲਾਵਾ ਉਹਨਾਂ ਭਗਤਾਂ, ਸੰਤਾਂ ਅਤੇ ਸੂਫ਼ੀ ਕਵੀ ਸ਼ੇਖ਼ ਫ਼ਰੀਦ ਦੀ ਬਾਣੀ ਨੂੰ ਵੀ ਗੁਰੂ ਗਰੰਥ ਸਾਹਿਬ ਵਿੱਚ ਸ਼ਾਮਿਲ ਕਰ ਲਿਆ ਜਿਨ੍ਹਾਂ ਦਾ ਆਸ਼ਾ ਗੁਰਮਤਿ ਅਨੁਸਾਰੀ ਸੀ। ਕਿਉਂਕਿ ਇਸ ਬਾਣੀ ਦਾ ਵਧੇਰੇ ਭਾਗ ਪੰਜਾਬੀ ਨਾਲ ਸੰਬੰਧਿਤ ਹੈ ਇਸ ਕਰਕੇ ਇਸ ਨੂੰ ਪੰਜਾਬੀ ਸਾਹਿਤ ਦੇ ਅੰਤਰਗਤ ਵਿਚਾਰਨਾ ਵੱਧ ਵਾਜਿਬ ਹੈ। ਗੁਰਮਤਿ ਕਾਵਿ ਦੇ ਸਮੂਹ ਬਾਣੀਕਾਰਾਂ ਦਾ ਜਗਤ, ਮਨੁੱਖ ਅਤੇ ਬ੍ਰਹਮ ਬਾਰੇ ਅਪਣਾਇਆ ਗਿਆ ਸਮਾਨ ਦ੍ਰਿਸ਼ਟੀਕੋਣ ਇਸ ਵਿਚਾਰਧਾਰਾ ਦੀਆਂ ਸਮੂਹ ਰਚਨਾਵਾਂ ਨੂੰ ਏਕਤਾ ਦੇ ਸੂਤਰ ਵਿੱਚ ਬੰਨ੍ਹਦਾ ਹੈ। ਰਹੱਸਵਾਦ ਅਤੇ ਨੈਤਿਕਤਾ, ਗੁਰਮਤਿ ਜੀਵਨ ਦਰਸ਼ਨ ਦੇ ਪ੍ਰਮੁੱਖ ਤੱਤ ਹਨ।

ਆਦਿ ਗ੍ਰੰਥ ਦੇ ਸਮੂਹ ਬਾਣੀਕਾਰ ਗੁਰੂ ਸਾਹਿਬਾਨ ਛੇ, ਭਗਤ ਪੰਦਰਾਂ, ਭੱਟ ਗਿਆਰ੍ਹਾਂ ਗੁਰੂ ਘਰ ਦੇ ਸਿੱਖ ਚਾਰ, ਤੋਂ ਇਲਾਵਾਂ ਆਦਿ ਗ੍ਰੰਥ ਤੋਂ ਬਾਹਰ ਦੇ ਦੋ ਕਵੀਂ ਗੁਰੂ ਗੋਬਿੰਦ ਸਿੰਘ ਤੇ ਭਾਈ ਗੁਰਦਾਸ ਦੀ ਬਾਣੀ ਵੀ ਗੁਰਮਤਿ ਕਾਵਿ ਧਾਰਾ ਦੇ ਅੰਤਰਗਤ ਵਿਚਾਰੀ ਜਾਂਦੀ ਹੈ ਗੁਰਮਤਿ ਕਾਵਿ ਦੇ ਪ੍ਰਮੁੱਖ ਕਵੀਆਂ ਦਾ ਵੇਰਵਾ ਇਸ ਪ੍ਰਕਾਰ ਹੈ।

1) ਗੁਰੂ ਨਾਨਕ ਦੇਵ ਜੀ (1469-1539ਈ.) ਗੁਰੂ ਨਾਨਕ ਗੁਰਮਤਿ ਦੇ ਸੰਸਥਾਪਕ ਹਨ। ਉਹਨਾਂ ਦੀ ਸੋਚ ਕਾਰਨ ਗੁਰਮਤਿ ਦੀ ਭਵਿੱਖ ਵਿੱਚ ਸਥਾਪਨਾ ਕਰ ਸਕਣੀ ਸੰਭਵ ਹੋਈ.ਉਹਨਾਂ ਦੀ ਵਿਚਾਰਧਾਰਾ ਉਹਨਾਂ ਦੀ ਬਾਣੀ ਵਿੱਚ ਪੇਸ਼ ਹੋਈ ਹੈ।

ਜਪੁ - ਜਪੁ ਗੁਰੂ ਨਾਨਕ ਦੇਵ ਜੀ ਦੀ ਪ੍ਰਸਿੱਧ ਅਤੇ ਪ੍ਰਮੁੱਖ ਬਾਣੀ ਹੈ। ਸ਼ਰਧਾਲੂ ਇਸ ਬਾਣੀ ਨੂੰ ਜਪੁਜੀ ਸਾਹਿਬ ਵਜੋਂ ਜਾਣਦੇ ਹਨ। ਵਿਦਵਾਨਾਂ ਨੇ ਇਸ ਨੂੰ ਗੁਰਬਾਣੀ ਦੀ ਕੁੰਜੀ ਕਿਹਾ ਹੈ।

ਇਸ ਤੋਂ ਗੁਰੂ ਨਾਨਕ ਦੇਵੀ ਜੀ ਨੇ ਤਿੰਨ ਵਾਰਾਂ ਆਸਾ, ਮਾਝ, ਮਲਾਰ , ਸਿੱਧ ਗੋਸ਼ਟ, ਦੱਖਣੀ ਉਅੰਕਾਰ, ਪੱਟੀ, ਬਾਰ੍ਹਾਂਮਾਹ, ਸੋ ਦਰ, ਅਲਾਹੁਣੀਆਂ ਆਦਿ ਬਾਣੀ ਦੀ ਰਚਨਾਂ ਕੀਤੀ।

2) ਗੁਰੂ ਅੰਗਦ ਦੇਵ ਜੀ (1504-1552ਈ.) ਗੁਰੂ ਅੰਗਦ ਦੇਵੀ ਜੀ ਦਾ ਪਹਿਲਾ ਨਾਂ ਭਾਈ ਲਹਿਣਾ ਸੀ ਗੁਰੂ ਨਾਨਕ ਦੇਵ ਜੀ ਦੇ ਸੰਪਰਕ ਵਿੱਚ ਆ ਕੇ ਉਹ ਅੰਗਦ ਹੋ ਗਏ। ਗੁਰੂ ਜੀ ਆਪਣੇ ਪੁੱਤਰਾਂ ਦੀ ਥਾਂ ਉਹਨਾਂ ਨੂੰ ਗੱਦੀ ਦਿੱਤੀ । ਉਹਨਾਂ ਨੇ ਕੇਵਲ 63 ਸ਼ਲੋਕ ਦੀ ਰਚਨਾਂ ਕੀਤੀ ਹੈ।

3)ਗੁਰੂ ਅਮਰਦਾਸ ਜੀ (1479-1574ਈ.) ਗੁਰੂ ਅਮਰਦਾਸ ਗੁਰਮਤਿ ਕਾਵਿ ਧਾਰਾ ਦੇ ਪ੍ਰਸਿੱਥ ਬਾਣੀਕਾਰ ਹਨ। ਉਹਨਾਂ ਨੇ ਆਨੰਦ ਸਾਹਿਬ, ਪੱਟੀ, ਅਲਾਹੁਣੀਆਂ, ਚਾਰ ਵਾਰਾਂ ਗੁਜਰੀ,ਸੂਹੀ,ਰਾਮਕਲੀ,ਮਾਰੂ, ਛੰਤ ਤੇ ਅਸ਼ਟਪਦੀਆਂ ਆਦਿ ਦੀ ਰਚਨਾਂ ਕੀਤੀ।

4) ਗੁਰੂ ਰਾਮਦਾਸ ਜੀ (1534-1581ਈ.) ਗੁਰੂ ਰਾਮਦਾਸ ਜੀ, ਗੁਰੂ ਅਮਰਦਾਸ ਜੀ ਦੇ ਜਵਾਈ ਸਨ। ਗੁਰੂ ਰਾਮਦਾਸ ਜੀ ਤੇ ਆਪਣੇ ਸਹੁਰਾ ਸਾਹਿਬ ਜੀ ਦਾ ਬਹੁਤ ਪ੍ਰਭਾਵ ਸੀ ਜੋ ਉਹਨਾਂ ਦੀ ਬਾਣੀ ਵਿੱਚੋਂ ਸਾਫ਼ ਝਲਕਦਾ ਹੈ। ਗੁਰੂ ਰਾਮਦਾਸ ਜੀ ਨੇ ਕੋਈ ਲੰਮੀ ਬਾਣੀ ਦੀ ਰਚਨਾਂ ਨਹੀਂ ਕੀਤੀ। ਉਹ ਆਪਣੀਆਂ 8 ਵਾਰਾਂ ਕਰਕੇ ਗੁਰਮਤਿ ਕਾਵਿ ਦੇ ਉੱਚ ਹਸਤਾਖਰ ਬਣ ਗਏ। ਇਸ ਤੋਂ ਇਲਾਵਾਂ ਕਰਹਲੇ, ਘੋੜੀਆਂ, ਛੰਤ, ਸੋਹਲੇ, ਵਣਜਾਰਾ, ਲਾਵਾਂ ਆਦਿ ਬਾਣੀਆਂ ਦੀ ਰਚਨਾਂ ਕੀਤੀ।

5) ਗੁਰੂ ਅਰਜਨ ਦੇਵ ਜੀ (1563-1606ਈ.) ਗੁਰੂ ਅਰਜਨ ਦੇਵੀ ਜੀ ਪੰਜਵੇਂ ਗੁਰੂ ਸਨ। ਉਹਨਾਂ ਦਾ ਮਹਾਨ ਕਾਰਜ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਹੈ।ਉਹਨਾਂ ਆਪਣੇ ਤੋਂ ਪੂਰਵਲੇ ਗੁਰੂਆਂ ਦੀ ਬਾਣੀ ਇਕੱਠੀ ਕੀਤੀ ਤੇ ਇਕ ਗ੍ਰੰਥ ਵਿਚ ਸੰਪਾਦਤ ਕਰ ਕੇ ਸਦਾ ਲਈ ਸੁਰੱਖਿਅਤ ਕਰ ਦਿੱਤੀ ਇਹ ਇਕ ਮਹਾਨ ਕਾਰਜ ਸੀ। ਇਸ ਤੋਂ ਇਲਾਵਾ ਗੁਰੂ ਗ੍ਰੰਥ ਸਾਹਿਬ ਦੇ 1430 ਪੰਨਿਆਂ ਵਿੱਚ ਅੱਧੇ ਤੇ ਉਹਨਾਂ ਦੀ ਰਚਨਾਂ ਹੈ। ਉਹਨਾਂ ਦੀਆਂ ਬਾਣੀਆਂ-ਸੁਖਮਨੀ- ਸੁਖਮਨੀ ਬਾਣੀ ਗੁਰੂ ਅਰਜਨ ਦੇਵੀ ਜੀ ਦੀ ਪ੍ਰਸਿੱਧ ਬਾਣੀ ਹੈ।ਸੁਖਮਨੀ ਦਾ ਸਰਲ ਅਜਿਹਾ ਅਰਥ ਸੁੱਖਾ ਦੀ ਮਨੀ ਹੈ

ਸੁਖਮਨੀ ਸੁੱਖ ਅਮ੍ਰਿਤ ਪ੍ਰਭ ਨਾਮ

ਭਗਤ ਜਨਾ ਕੈ ਮਨ ਬਿਸ੍ਰਾਮ।।

ਇਸ ਤੋਂ ਇਲਾਵਾਂ ਗੁਰੂ ਅਰਜਨ ਦੇਵ ਜੀ ਨੇ ਬਾਵਨ ਅੱਖਰੀ ਦੇਵਨਾਗਰੀ ਵਰਨਮਾਲਾ ਆਧਾਰਿਤ , ਬਾਰਾਂਮਾਂਹ, ਤੇ ਛੇ ਵਾਰਾਂ ਦੀ ਰਚਨਾਂ ਕੀਤੀ ਉਹ ਗੁਰਮਤਿ ਕਾਵਿ ਦੇ ਪ੍ਰਮੁੱਖ ਹਸਤਾਖਰ ਹੋ ਨਿਭੜਦੇ ਹਨ।

6) ਗੁਰੂ ਤੇਗ ਬਹਾਦਰ ਜੀ,(1621-1675ਈ.) ਗੁਰੂ ਤੇਗ ਬਹਾਦਰ ਜੀ ਨੌਵੇਂ ਗੁਰੂ ਹੋਏ ਹਨ। ਉਹਨਾਂ ਤੋਂ ਪਹਿਲੇ ਤਿੰਨ ਗੁਰੂ ਸਾਹਿਬਾਨਾਂ ਗੁਰੂ ਹਰਗੋਬਿੰਦ ਸਿੰਘ ਜੀ, ਗੁਰੂ ਹਰਰਾਇ ਜੀ , ਗੁਰੂ ਹਰਕ੍ਰਿਸ਼ਨ ਜੀ ਨੇ ਬਾਣੀ ਦੀ ਰਚਨਾਂ ਨਹੀਂ ਕੀਤੀ। ਗੁਰੂ ਤੇਗ ਬਹਾਦਰ ਜੀ ਨੂੰ ਹਿੰਦ ਦੀ ਚਾਦਰ ਵੀ ਕਿਹਾ ਜਾਂਦਾ ਹੈ ਆਪ ਜੀ ਦੇ 57ਸ਼ਲੋਕ ਤੇ 59 ਸ਼ਬਦ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹਨ। ਆਪ ਜੀ ਦੀ ਬਾਣੀ ਵਿਰਾਗ ਭਰਪੂਰ ਹੈ।

ਚਿੰਤਾ ਤਾ ਕੀ ਕੀਜੀਐ ਜੋ ਅਨਹੋਣੀ ਹੋਇ।।

ਇਹ ਮਾਰਗ ਸੰਸਾਰ ਕਉ ਨਾਨਕ ਥਿਰ ਨਹੀਂ ਕੋਇ।।

7.ਗੁਰੂ ਗੋਬਿੰਦ ਸਿੰਘ ਜੀ (1666-1708 ਈ.) ਗੁਰੂ ਗੋਬਿੰਦ ਸਿੰਘ ਜੀ ਦਸਵੇਂ ਗੁਰੂ ਸਨ।ਉਹ ਗੁਰੂ ਤੇਗ ਬਹਾਦਰ ਜੀ ਸਪੁੱਤਰ ਸਨ। ਉਹਨਾਂ ਦੀ ਰਚਨਾਂ ਦਸਮ ਗ੍ਰੰਥ ਸਾਹਿਬ ਜੀ ਵਿੱਚ ਮਿਲਦੀ ਹੈ। ਉਹਨਾਂ ਦੀ ਬਹੁਤੀ ਰਚਨਾਂ ਬ੍ਰਿਜ ਭਾਸ਼ਾ ਵਿੱਚ ਹੈ, ਪੰਜਾਬੀ ਵਿੱਚ ਉਹਨਾਂ ਦੇ ਦੋ ਸ਼ਬਦ ਅਤੇ ਇਕ ਲੰਬੀ ਰਚਨਾਂ ਚੰਡੀ

ਦੀ ਵਾਰ ਹੈ। ਉਹਨਾਂ ਦੀਆਂ ਪ੍ਰਮੁੱਖ ਬਾਣੀਆਂ ਜਾਪੁ ਸਾਹਿਬ, ਅਕਾਲ ਉਸਤਿਤ, ਬਚਿੱਤਰ ਨਾਟਕ, ਚੰਡੀ ਚਰਿਤ੍ਰ ਅਤੇ ਸਵੱਯੇ ਬ੍ਰਿਜ ਭਾਸ਼ਾ ਵਿਚ ਲਿਖੇ ਹਨ। ਅਤੇ ਜ਼ਫ਼ਰਨਾਮਾ ਫ਼ਾਰਸੀ ਭਾਸ਼ਾ ਵਿੱਚ ਲਿਖਿਆ ਹੈ।

8) ਭਾਈ ਗੁਰਦਾਸ ਜੀ 1559-1637)

ਭਾਈ ਸਾਹਿਬ ਵੀ ਗੁਰਮਤਿ ਕਾਵਿ ਧਾਰਾ ਦੇ ਹਸਤਾਖਰ ਹਨ। ਉਹਨਾਂ ਨੇ 39 ਵਾਰਾਂ ਸਵੱਯੇ ਤੇ ਕਬਿੱਤ ਆਦਿ ਦੀ ਰਚਨਾਂ ਕੀਤੀ। ਉਹਨਾਂ ਨੂੰ ਮੁੱਖ ਤੌਰ ਤੇ ਇਕ ਵਾਰਕਾਰ ਵਜੋਂ ਜਾਣਿਆ ਜਾਂਦਾ ਹੈ। ਉਹਨਾਂ ਦੀਆਂ ਵਾਰਾਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਕੁੰਜੀ ਹੋਣ ਦੀ ਵੀ ਮਾਣ ਪ੍ਰਾਪਤ ਹੈ।

ਉਪਰੋਕਤ ਤੋਂ ਇਲਾਵਾ ਗੁਰਮਤਿ ਕਾਵਿ ਧਾਰਾ ਦੇ ਹੋਰ ਵੀ ਕਵੀਂ ਹੋਏ ਹਨ ਜਿਨਾਂ ਦੇ ਨਾਂ ਭਗਤ ਕਬੀਰ, ਬਾਬਾ ਫਰੀਦ ਜੀ, ਨਾਮਦੇਵ ਜੀ ਰਾਮਾਨੰਦ ਜੀ ਧੰਨਾ ਜੀ, ਭੱਟਾਂ ਵਿੱਚੋਂ ਕੀਰਤ, ਜਲ ਬਲ ਕਲਸਹਾਰ ਆਦਿ ਤੇ ਗੁਰੂ ਘਰ ਦੇ ਸਿੱਖਾ ਵਿੱਚ ਬਾਬਾ ਸੁੰਦਰ,ਸੱਤਾ ਤੇ ਬਲਵੰਡ, ਤੇ ਭਾਈ ਮਰਦਾਨਾਂ ਜੀ ਵੀ ਗੁਰਮਤਿ ਕਾਵਿ ਧਾਰਾ ਨੂੰ ਆਪਣੀ ਬਾਣੀ ਰਾਹੀਂ ਮਾਲਾਮਾਲ ਕਰਦੇ ਹਨ।ਸਮੁੱਚੇ ਰੂਪ ਵਿੱਚ ਗੁਰਮਤਿ ਕਾਵਿ ਧਾਰਾ ਬ੍ਰਹਮ ਕੇਂਦਰਿਤ, ਨੈਤਿਕ ਤੇ ਰਹੱਸਵਾਦ ਕਾਵਿ ਧਾਰਾ ਹੋ ਨਿਭੜਦੀ ਹੈ।